ਮਿੱਠੇ ਬੱਚੇ:- "ਮਿੱਠੇ ਬੱਚੇ ਹੁਣ ਵਿਕਰਮ ਕਰਨਾ ਬੰਦ ਕਰੋ ਕਿਉਂਕਿ ਹੁਣ ਤੁਸੀਂ ਵਿਕਰਮਾਜੀਤ ਸੰਵਤ ਸ਼ੁਰੂ ਕਰਨਾ ਹੈ"

ਪ੍ਰਸ਼ਨ:- ਹਰ ਇੱਕ ਬ੍ਰਾਹਮਣ ਬੱਚੇ ਨੂੰ ਕਿਸ ਇੱਕ ਗੱਲ ਵਿੱਚ ਬਾਪ ਨੂੰ ਫਾਲੋ ਜ਼ਰੂਰ ਕਰਨਾ ਹੈ?

ਉੱਤਰ:- ਜਿਵੇਂ ਬਾਪ ਆਪ ਟੀਚਰ ਬਣ ਕੇ ਤੁਹਾਨੂੰ ਪੜ੍ਹਾਉਂਦੇ ਹਨ, ਇਵੇਂ ਬਾਪ ਦੇ ਸਮਾਨ ਹਰ ਇੱਕ ਨੂੰ ਟੀਚਰ ਬਣਨਾ ਹੈ। ਜੋ ਪੜ੍ਹਦੇ ਹੋ ਉਹ ਦੂਜਿਆਂ ਨੂੰ ਪੜ੍ਹਾਉਣਾ ਹੈ। ਤੁਸੀਂ ਟੀਚਰ ਦੇ ਬੱਚੇ ਟੀਚਰ, ਸਤਿਗੁਰੂ ਦੇ ਬੱਚੇ ਸਤਿਗੁਰੂ ਵੀ ਹੋ। ਤੁਸੀਂ ਸੱਚਖੰਡ ਸਥਾਪਨ ਕਰਨਾ ਹੈ। ਤੁਸੀਂ ਸੱਚ ਦੀ ਬੇੜੀ ਤੇ ਹੋ, ਤੁਹਾਡੀ ਬੇੜੀ ਹਿੱਲੇਗੀ - ਡੁਲੇਗੀ ਪਰ ਡੁੱਬ ਨਹੀਂ ਸਕਦੀ।

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਬੱਚਿਆਂ ਦੇ ਨਾਲ ਰੂਹ ਰਿਹਾਨ ਕਰਦੇ ਹਨ। ਰੂਹਾਂ ਤੋਂ ਪੁੱਛਦੇ ਹਨ ਕਿਓਂਕਿ ਇਹ ਨਵੀਂ ਨਾਲੇਜ ਹੈ ਨਾ। ਮਨੁੱਖ ਤੋਂ ਦੇਵਤਾ ਬਣਨ ਦੀ ਇਹ ਹੈ ਨਵੀਂ ਨਾਲੇਜ ਅਤੇ ਪੜ੍ਹਾਈ। ਇਹ ਤੁਹਾਨੂੰ ਕੌਣ ਪੜ੍ਹਾਉਂਦੇ ਹਨ? ਬੱਚੇ ਜਾਣਦੇ ਹਨ ਰੂਹਾਨੀ ਬਾਪ ਸਾਨੂੰ ਬੱਚਿਆਂ ਨੂੰ ਬ੍ਰਹਮਾ ਦੁਆਰਾ ਪੜ੍ਹਾਉਂਦੇ ਹਨ। ਇਹ ਭੁੱਲਣਾ ਨਹੀਂ ਚਾਹੀਦਾ। ਉਹ ਬਾਪ ਹੈ ਫਿਰ ਪੜ੍ਹਾਉਂਦੇ ਹਨ ਤਾਂ ਟੀਚਰ ਵੀ ਹੋ ਗਿਆ। ਇਹ ਵੀ ਤੁਸੀਂ ਜਾਣਦੇ ਹੋ ਅਸੀਂ ਪੜ੍ਹਦੇ ਹੀ ਹਾਂ ਨਵੀਂ ਦੁਨੀਆਂ ਦੇ ਲਈ। ਹਰ ਇੱਕ ਗੱਲ ਵਿੱਚ ਨਿਸ਼ਚੈ ਹੋਣਾ ਚਾਹੀਦਾ ਹੈ। ਨਵੀਂ ਦੁਨੀਆਂ ਦੇ ਲਈ ਪੜ੍ਹਾਉਣ ਵਾਲਾ ਬਾਪ ਹੀ ਹੁੰਦਾ ਹੈ। ਮੂਲ ਗੱਲ ਹੀ ਬਾਪ ਦੀ ਹੋਈ। ਬਾਪ ਸਾਨੂੰ ਇਹ ਸਿੱਖਿਆ ਦਿੰਦੇ ਹਨ ਬ੍ਰਹਮਾ ਦੁਆਰਾ। ਕਿਸੇ ਦੁਆਰਾ ਤਾਂ ਦੇਣਗੇ ਨਾ। ਗਾਇਆ ਹੋਇਆ ਵੀ ਹੈ ਪਰਮਾਤਮਾ ਬ੍ਰਹਮਾ ਦੁਆਰਾ ਰਾਜਯੋਗ ਸਿਖਾਉਂਦੇ ਹਨ। ਬ੍ਰਹਮਾ ਦੁਆਰਾ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਦੇ ਹਨ, ਜੋ ਦੇਵੀ - ਦੇਵਤਾ ਧਰਮ ਹੁਣ ਨਹੀਂ ਹੈ। ਹੁਣ ਤਾਂ ਹੈ ਹੀ ਕਲਯੁਗ। ਤਾਂ ਸਿੱਧ ਹੁੰਦਾ ਹੈ ਸ੍ਵਰਗ ਦੀ ਸਥਾਪਨਾ ਹੋ ਰਹੀ ਹੈ। ਸਵਰਗ ਵਿੱਚ ਸਿਰਫ ਦੇਵੀ - ਦੇਵਤਾ ਧਰਮ ਵਾਲੇ ਹਨ, ਬਾਕੀ ਇੰਨੇ ਸਾਰੇ ਧਰਮ ਹੋਣਗੇ ਹੀ ਨਹੀਂ ਮਤਲਬ ਵਿਨਾਸ਼ ਹੋ ਜਾਵੇਗਾ ਕਿਓਂਕਿ ਸਤਿਯੁਗ ਵਿੱਚ ਹੋਰ ਕੋਈ ਧਰਮ ਸੀ ਹੀ ਨਹੀਂ। ਇਹ ਗੱਲਾਂ ਤੁਹਾਡੇ ਬੱਚਿਆਂ ਦੀ ਬੁੱਧੀ ਵਿੱਚ ਹਨ, ਹੁਣ ਤਾਂ ਕਈ ਧਰਮ ਹਨ। ਹੁਣ ਫਿਰ ਬਾਪ ਸਾਨੂੰ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ ਕਿਓਂਕਿ ਹੁਣ ਸੰਗਮਯੁਗ ਹੈ। ਇਹ ਤਾਂ ਬਹੁਤ ਸਹਿਜ ਗੱਲ ਸਮਝਾਉਣ ਦੀ ਹੈ। ਤ੍ਰਿਮੂਰਤੀ ਵਿੱਚ ਵੀ ਵਿਖਾਉਂਦੇ ਹਨ - ਬ੍ਰਹਮਾ ਦੁਆਰਾ ਸਥਾਪਨਾ। ਕਿਸ ਦੀ? ਸਥਾਪਨਾ ਜਰੂਰ ਨਵੀਂ ਦੁਨੀਆਂ ਦੀ ਹੋਵੇਗੀ, ਪੁਰਾਣੀ ਦੀ ਤਾਂ ਹੋਵੇਗੀ ਨਹੀਂ। ਬੱਚਿਆਂ ਨੂੰ ਇਹ ਨਿਸ਼ਚਾ ਹੈ ਕਿ ਨਵੀ ਦੁਨੀਆਂ ਵਿੱਚ ਰਹਿੰਦੇ ਹੀ ਹਨ ਦੈਵੀ ਗੁਣ ਵਾਲੇ ਦੇਵਤਾ। ਤਾਂ ਹੁਣ ਸਾਨੂੰ ਵੀ ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਦੈਵੀ ਗੁਣ ਧਾਰਨ ਕਰਨੇ ਹਨ। ਪਹਿਲੇ - ਪਹਿਲੇ ਕਾਮ ਤੇ ਜਿੱਤ ਪਾਕੇ ਨਿਰਵਿਕਾਰੀ ਬਣਨਾ ਹੈ। ਕਲ ਇਨ੍ਹਾਂ ਦੇਵੀ - ਦੇਵਤਾਵਾਂ ਦੇ ਅੱਗੇ ਜਾਕੇ ਕਹਿੰਦੇ ਵੀ ਸੀ ਕਿ ਤੁਸੀਂ ਸੰਪੂਰਨ ਨਿਰਵਿਕਾਰੀ ਹੋ, ਅਸੀਂ ਵਿਕਾਰੀ ਹਾਂ। ਆਪਣੇ ਨੂੰ ਵਿਕਾਰੀ ਫੀਲ ਕਰਦੇ ਸੀ ਕਿਓਂਕਿ ਵਿਕਾਰ ਵਿੱਚ ਜਾਂਦੇ ਸੀ। ਹੁਣ ਬਾਪ ਕਹਿੰਦੇ ਹਨ ਤੁਹਾਨੂੰ ਵੀ ਇਵੇਂ ਨਿਰਵਿਕਾਰੀ ਬਣਨਾ ਹੈ। ਦੈਵੀ ਗੁਣ ਧਾਰਨ ਕਰਨੇ ਹਨ। ਇਹ ਵਿਕਾਰ ਕਾਮ - ਕ੍ਰੋਧ ਆਦਿ ਜੇਕਰ ਹਨ ਤਾਂ ਦੈਵੀ ਗੁਣ ਨਹੀਂ ਕਹਾਂਗੇ। ਵਿਕਾਰ ਵਿੱਚ ਜਾਣਾ, ਕ੍ਰੋਧ ਕਰਨਾ ਇਹ ਆਸੁਰੀ ਗੁਣ ਹਨ। ਦੇਵਤਾਵਾਂ ਵਿੱਚ ਲੋਭ ਹੋਵੇਗਾ ਕੀ? ਉੱਥੇ 5 ਵਿਕਾਰ ਹੁੰਦੇ ਨਹੀਂ। ਇਹ ਹੈ ਹੀ ਰਾਵਣ ਦੀ ਦੁਨੀਆਂ। ਰਾਵਣ ਦਾ ਜਨਮ ਹੁੰਦਾ ਹੈ ਤ੍ਰੇਤਾ ਅਤੇ ਦੁਆਪਰ ਦੇ ਸੰਗਮ ਤੇ। ਜਿਵੇਂ ਇਹ ਪੁਰਾਣੀ ਦੁਨੀਆਂ ਅਤੇ ਨਵੀਂ ਦੁਨੀਆਂ ਦਾ ਸੰਗਮ ਹੈ ਨਾ, ਇਵੇਂ ਉਹ ਵੀ ਸੰਗਮ ਹੋ ਜਾਂਦਾ ਹੈ। ਹੁਣ ਰਾਵਣ ਰਾਜ ਵਿੱਚ ਬਹੁਤ ਦੁੱਖ ਹੈ, ਬਿਮਾਰੀ ਹੈ, ਇਸ ਨੂੰ ਕਿਹਾ ਜਾਂਦਾ ਹੈ ਰਾਵਣ ਰਾਜ। ਰਾਵਣ ਨੂੰ ਹਰ ਵਰ੍ਹੇ ਸਾੜਦੇ ਹਨ। ਵਾਮ ਮਾਰਗ ਵਿੱਚ ਜਾਣ ਨਾਲ ਵਿਕਾਰੀ ਬਣ ਜਾਂਦੇ ਹਨ। ਹੁਣ ਤੁਹਾਨੂੰ ਨਿਰਵਿਕਾਰੀ ਬਣਨਾ ਹੈ। ਇੱਥੇ ਹੀ ਦੈਵੀਗੁਣ ਧਾਰਨ ਕਰਨੇ ਹਨ। ਜਿਵੇਂ ਜੋ ਕਰਮ ਕਰਦਾ ਹੈ ਇਵੇਂ ਹੀ ਫਲ ਪਾਉਂਦਾ ਹੈ। ਬੱਚਿਆਂ ਤੋਂ ਹੁਣ ਕੋਈ ਵਿਕਰਮ ਨਹੀਂ ਹੋਣਾ ਚਾਹੀਦਾ ਹੈ।

ਇੱਕ ਹੁੰਦਾ ਹੈ ਰਾਜਾ ਵਿਕਰਮਾਜੀਤ, ਦੂਜਾ ਹੁੰਦਾ ਹੈ ਰਾਜਾ ਵਿਕ੍ਰਮ। ਇਹ ਹੈ ਹੀ ਵਿਕ੍ਰਮ ਸੰਵਤ ਯਾਨੀ ਰਾਵਣ ਵਿਕਾਰੀਆਂ ਦਾ ਸੰਵਤ। ਇਹ ਕੋਈ ਸਮਝਦੇ ਨਹੀਂ। ਨਾ ਕਲਪ ਦੀ ਉਮਰ ਦਾ ਹੀ ਕਿਸੇ ਨੂੰ ਪਤਾ ਹੈ। ਅਸਲ ਵਿੱਚ ਵਿਕਰਮਾਜੀਤ ਹੁੰਦੇ ਹਨ ਦੇਵਤੇ। 5 ਹਜ਼ਾਰ ਵਰ੍ਹੇ ਵਿੱਚ 2500 ਵਰ੍ਹੇ ਹੋਏ ਰਾਜਾ ਵਿਕ੍ਰਮ ਦੇ, 2500 ਵਰ੍ਹੇ ਰਾਜਾ ਵਿਕ੍ਰਮਾਜੀਤ ਦੇ। ਅੱਧਾ ਹੈ ਵਿਕ੍ਰਮ ਦਾ। ਉਹ ਲੋਕ ਭਾਵੇਂ ਕਹਿੰਦੇ ਹਨ ਪਰ ਕੁਝ ਵੀ ਪਤਾ ਨਹੀਂ ਹੈ। ਤੁਸੀਂ ਕਹੋਗੇ ਵਿਕ੍ਰਮਾਜੀਤ ਦਾ ਸੰਵਤ ਇੱਕ ਵਰ੍ਹੇ ਤੋਂ ਸ਼ੁਰੂ ਹੁੰਦਾ ਹੈ ਫਿਰ 2500 ਵਰ੍ਹੇ ਬਾਦ ਵਿਕ੍ਰਮ ਸੰਵਤ ਸ਼ੁਰੂ ਹੁੰਦਾ ਹੈ। ਹੁਣ ਵਿਕਰਮ ਸੰਵਤ ਪੂਰਾ ਹੋਵੇਗਾ ਫਿਰ ਤੁਸੀਂ ਵਿਕ੍ਰਮਾਜੀਤ ਮਹਾਰਾਜਾ - ਮਹਾਰਾਣੀ ਬਣ ਰਹੇ ਹੋ, ਜਦੋਂ ਬਣ ਜਾਓਗੇ ਤਾਂ ਵਿਕ੍ਰਮਾਜੀਤ ਸੰਵਤ ਸ਼ੁਰੂ ਹੋ ਜਾਵੇਗਾ। ਇਹ ਸਭ ਤੁਸੀਂ ਹੀ ਜਾਣਦੇ ਹੋ। ਤੁਹਾਨੂੰ ਕਹਿੰਦੇ ਹਨ ਬ੍ਰਹਮਾ ਨੂੰ ਕਿਓਂ ਬਿਠਾਇਆ ਹੈ? ਅਰੇ ਤੁਹਾਡੀ ਇਨ੍ਹਾਂ ਨਾਲ ਕੀ ਆਕੇ ਪਈ ਹੈ। ਸਾਨੂੰ ਪੜ੍ਹਾਉਣ ਵਾਲਾ ਕੋਈ ਇਹ ਥੋੜੀ ਹੈ। ਅਸੀਂ ਤਾਂ ਸ਼ਿਵਬਾਬਾ ਤੋਂ ਪੜ੍ਹਦੇ ਹਾਂ। ਇਹ ਵੀ ਉਨ੍ਹਾਂ ਤੋਂ ਪੜ੍ਹਦਾ ਹੈ। ਪੜ੍ਹਾਉਣ ਵਾਲਾ ਤਾਂ ਗਿਆਨ ਸਾਗਰ ਹੈ, ਉਹ ਹੈ ਵਿਚਿੱਤਰ, ਉਨ੍ਹਾਂ ਨੂੰ ਚਿੱਤਰ ਮਤਲਬ ਸ਼ਰੀਰ ਹੁੰਦਾ ਨਹੀਂ। ਉਨ੍ਹਾਂ ਨੂੰ ਕਿਹਾ ਜਾਂਦਾ ਹੈ ਨਿਰਾਕਾਰ। ਉੱਥੇ ਸਭ ਨਿਰਾਕਾਰੀ ਆਤਮਾਵਾਂ ਰਹਿੰਦੀਆਂ ਹਨ। ਫਿਰ ਇੱਥੇ ਆਕੇ ਸਾਕਾਰੀ ਬਣਦੀਆਂ ਹਨ। ਪਰਮਪਿਤਾ ਪਰਮਾਤਮਾ ਨੂੰ ਸਭ ਯਾਦ ਕਰਦੇ ਹਨ, ਉਹ ਹੈ ਆਤਮਾਵਾਂ ਦਾ ਪਿਤਾ। ਲੌਕਿਕ ਬਾਪ ਨੂੰ ਪਰਮ ਅੱਖਰ ਨਹੀਂ ਕਹਾਂਗੇ। ਇਹ ਸਮਝ ਦੀ ਗੱਲ ਹੈ ਨਾ। ਸਕੂਲ ਦੇ ਸਟੂਡੈਂਟਸ ਪੜ੍ਹਾਈ ਤੇ ਅਟੈਂਸ਼ਨ ਦਿੰਦੇ ਹਨ। ਜਦ ਕੋਈ ਮਰਤਬਾ ਪਾ ਲੈਂਦਾ ਹੈ, ਬੈਰਿਸਟਰ ਆਦਿ ਬਣ ਜਾਂਦੇ ਹਨ ਤਾਂ ਫਿਰ ਪੜ੍ਹਾਈ ਬੰਦ। ਇਵੇਂ ਥੋੜੀ ਬੈਰਿਸਟਰ ਬਣ ਕੇ ਫਿਰ ਪੜ੍ਹੇਗਾ। ਨਹੀਂ ਪੜ੍ਹਾਈ ਪੂਰੀ ਹੋ ਜਾਂਦੀ ਹੈ। ਤੁਸੀਂ

ਵੀ ਦੇਵਤਾ ਬਣ ਗਏ ਫਿਰ ਤੁਹਾਨੂੰ ਪੜ੍ਹਾਈ ਦੀ ਲੋੜ ਨਹੀਂ ਰਹਿੰਦੀ। 2500 ਵਰ੍ਹੇ ਦੇਵਤਾਵਾਂ ਦਾ ਰਾਜ ਚਲਦਾ ਹੈ। ਇਹ ਗੱਲਾਂ ਤੁਸੀਂ ਬੱਚੇ ਹੀ ਜਾਣਦੇ ਹੋ ਤੁਹਾਨੂੰ ਫਿਰ ਹੋਰਾਂ ਨੂੰ ਸਮਝਾਉਣਾ ਪੈਂਦਾ ਹੈ। ਇਹ ਵੀ ਖਿਆਲ ਰੱਖਣਾ ਚਾਹੀਦਾ ਹੈ। ਪੜ੍ਹਾਉਂਦੇ ਨਹੀਂ ਤਾਂ ਟੀਚਰ ਕਿਵੇਂ ਠਹਿਰੇ! ਤੁਸੀਂ ਸਭ ਟੀਚਰਜ਼ ਹੋ, ਟੀਚਰ ਦੀ ਔਲਾਦ ਹੋ ਨਾ ਤਾਂ ਤੁਹਾਨੂੰ ਵੀ ਟੀਚਰ ਹੀ ਬਣਨਾ ਹੈ। ਤਾਂ ਕਿੰਨੇ ਟੀਚਰਜ਼ ਚਾਹੀਦੇ ਹਨ ਪੜ੍ਹਾਉਣ ਵਾਸਤੇ? ਜਿਵੇਂ ਬਾਪ, ਟੀਚਰ, ਸਤਿਗੁਰੂ ਹਨ, ਉਵੇਂ ਤੁਸੀਂ ਵੀ ਟੀਚਰ ਹੋ। ਸਤਿਗੁਰੂ ਦੇ ਬੱਚੇ ਸਤਿਗੁਰੂ ਹੋ। ਉਹ ਕੋਈ ਸਤਿਗੁਰੂ ਨਹੀਂ ਹਨ। ਗੁਰੂ ਦੇ ਬੱਚੇ ਗੁਰੂ ਹਨ। ਸੱਤ ਮਾਣਾ ਸੱਚ। ਸੱਚਖੰਡ ਵੀ ਭਾਰਤ ਨੂੰ ਕਿਹਾ ਜਾਂਦਾ ਸੀ, ਇਹ ਝੂਠ ਖੰਡ ਹੈ। ਸੱਚ ਖੰਡ ਬਾਬਾ ਹੀ ਸਥਾਪਨ ਕਰਦੇ ਹਨ, ਉਹ ਹੈ ਸੱਚ ਸਾਈਂ ਬਾਬਾ। ਜਦ ਰੀਅਲ ਬਾਪ ਆਉਂਦੇ ਹਨ ਤਾਂ ਝੂਠੇ ਵੀ ਬਹੁਤ ਨਿਕਲ ਆਉਂਦੇ ਹਨ। ਗਾਇਨ ਹੈ ਨਾ - ਨਾਵ ਡੋਲੇਗੀ, ਤੂਫ਼ਾਨ ਆਉਣਗੇ, ਪਰ ਡੁੱਬੇਗੀ ਨਹੀਂ। ਬੱਚਿਆਂ ਨੂੰ ਸਮਝਾਇਆ ਜਾਂਦਾ ਹੈ, ਮਾਇਆ ਦੇ ਤੂਫ਼ਾਨ ਬਹੁਤ ਆਉਣਗੇ। ਉਨ੍ਹਾਂ ਤੋਂ ਡਰਨਾ ਨਹੀਂ ਹੈ। ਸੰਨਿਆਸੀ ਲੋਕ ਤੁਹਾਨੂੰ ਇਵੇਂ ਕਦੀ ਨਹੀਂ ਕਹਿਣਗੇ ਕਿ ਮਾਇਆ ਦੇ ਤੂਫ਼ਾਨ ਆਉਣਗੇ। ਉਨ੍ਹਾਂ ਨੂੰ ਪਤਾ ਹੀ ਨਹੀਂ ਹੈ, ਨਾਵ ਨੂੰ ਪਾਰ ਕਿੱਥੇ ਲੈ ਜਾਣਗੇ।

ਤੁਸੀਂ ਬੱਚੇ ਜਾਣਦੇ ਹੋ ਭਗਤੀ ਤੋਂ ਸਦਗਤੀ ਨਹੀਂ ਹੁੰਦੀ ਹੈ। ਥੱਲੇ ਹੀ ਉਤਰਦੇ ਜਾਂਦੇ ਹਨ। ਭਾਵੇਂ ਕਹਿੰਦੇ ਹਨ ਰੱਬ ਆਕੇ ਭਗਤਾਂ ਦੀ ਭਗਤੀ ਦਾ ਫਲ ਦਿੰਦੇ ਹਨ। ਭਗਤੀ ਤਾਂ ਜਰੂਰ ਕਰਨੀ ਚਾਹੀਦੀ ਹੈ। ਅੱਛਾ, ਭਗਤੀ ਦਾ ਫਲ ਰੱਬ ਕੀ ਆਕੇ ਦੇਣਗੇ? ਜਰੂਰ ਸਦਗਤੀ ਦੇਣਗੇ। ਕਹਿੰਦੇ ਹਨ ਪਰ ਕਦੋਂ ਤੇ ਕਿਵੇਂ ਦੇਣਗੇ - ਇਹ ਪਤਾ ਨਹੀਂ ਹੈ। ਤੁਸੀਂ ਕਿਸੇ ਤੋਂ ਪੁੱਛੋ ਤਾਂ ਕਹਿਣਗੇ ਇਹ ਤਾਂ ਅਨਾਦਿ ਚਲਦੀ ਆ ਰਹੀ ਹੈ। ਪਰੰਮਪਰਾ ਤੋਂ ਚਲੀ ਆਈ ਹੈ। ਰਾਵਣ ਨੂੰ ਕਦੋਂ ਤੋਂ ਸਾੜਨਾ ਸ਼ੁਰੂ ਕੀਤਾ ਹੈ? ਕਹਿਣਗੇ ਪਰੰਮਪਰਾ ਤੋਂ। ਤੁਸੀਂ ਸਮਝਾਉਂਦੇ ਹੋ ਤਾਂ ਕਹਿੰਦੇ ਹਨ ਇਨ੍ਹਾਂ ਦਾ ਗਿਆਨ ਤਾਂ ਕੋਈ ਨਵਾਂ ਹੈ। ਜਿਨ੍ਹਾਂ ਨੇ ਕਲਪ ਪਹਿਲੇ ਸਮਝਿਆ ਹੈ, ਉਹ ਝੱਟ ਸਮਝ ਜਾਂਦੇ ਹਨ। ਬ੍ਰਹਮਾ ਦੀ ਤਾਂ ਗੱਲ ਛੱਡ ਦਿਓ। ਸ਼ਿਵਬਾਬਾ ਦਾ ਜਨਮ ਤਾਂ ਹੈ ਨਾ, ਜਿਸ ਨੂੰ ਸ਼ਿਵਰਾਤ੍ਰੀ ਵੀ ਕਹਿੰਦੇ ਹਨ। ਬਾਪ ਸਮਝਾਉਂਦੇ ਹਨ ਮੇਰਾ ਜਨਮ ਦਿਵਯ ਅਤੇ ਅਲੌਕਿਕ ਹੈ। ਪ੍ਰਾਕ੍ਰਿਤਿਕ ਮਨੁੱਖਾਂ ਸਦ੍ਰਿਸ਼ ਜਨਮ ਨਹੀਂ ਮਿਲਦਾ ਹੈ ਕਿਉਂਕਿ ਉਹ ਸਭ ਗਰਭ ਤੋਂ ਜਨਮ ਲੈਂਦੇ ਹਨ, ਸ਼ਰੀਰਧਾਰੀ ਬਣਦੇ ਹਨ। ਮੈ ਤਾਂ ਗਰਭ ਪ੍ਰਵੇਸ਼ ਹੀ ਨਹੀਂ ਕਰਦਾ ਹਾਂ। ਇਹ ਨਾਲੇਜ ਸਿਵਾਏ ਪਰਮਪਿਤਾ ਪਰਮਾਤਮਾ, ਗਿਆਨ ਸਾਗਰ ਦੇ ਹੋਰ ਕੋਈ ਦੇ ਨਾ ਸਕੇ। ਗਿਆਨ ਸਾਗਰ ਕੋਈ ਮਨੁੱਖ ਨੂੰ ਨਹੀਂ ਕਿਹਾ ਜਾਂਦਾ ਹੈ। ਇਹ ਉਪਮਾ ਹੈ ਹੀ ਨਿਰਾਕਾਰ ਦੀ। ਨਿਰਾਕਾਰ ਬਾਪ ਆਤਮਾਵਾਂ ਨੂੰ ਪੜ੍ਹਾਉਂਦੇ ਹਨ, ਸਮਝਾਉਂਦੇ ਹਨ। ਤੁਸੀਂ ਬੱਚੇ ਇਸ ਰਾਵਣ ਦੇ ਰਾਜ ਵਿੱਚ ਪਾਰ੍ਟ ਵਜਾਉਂਦੇ - ਵਜਾਉਂਦੇ ਦੇਹ - ਅਭਿਮਾਨੀ ਬਣ ਗਏ ਹੋ । ਆਤਮਾ ਸਭ ਕੁਝ ਕਰਦੀ ਹੈ। ਇਹ ਗਿਆਨ ਉੱਡ ਗਿਆ ਹੈ। ਇਹ ਤਾਂ ਆਰਗਨਸ ਹੈ ਨਾ। ਮੈ ਆਤਮਾ ਹਾਂ, ਭਾਵੇਂ ਇਨ੍ਹਾਂ ਤੋਂ ਕਰਮ ਕਰਾਵਾਂ, ਚਾਹੇ ਨਾ ਕਰਾਵਾਂ। ਨਿਰਾਕਾਰੀ ਦੁਨੀਆਂ ਵਿੱਚ ਤਾਂ ਸ਼ਰੀਰ ਰਹਿਤ ਬੈਠੇ ਰਹਿੰਦੇ ਹਨ। ਹੁਣ ਤੁਸੀਂ ਆਪਣੇ ਘਰ ਨੂੰ ਵੀ ਜਾਣ ਗਏ ਹੋ। ਉਹ ਲੋਕ ਫਿਰ ਘਰ ਨੂੰ ਈਸ਼ਵਰ ਮੰਨ ਲੈਂਦੇ ਹਨ। ਬ੍ਰਹਮ ਗਿਆਨੀ, ਤੱਤਵ ਗਿਆਨੀ ਹੈ ਨਾ। ਕਹਿੰਦੇ ਹਨ ਬ੍ਰਹਮ ਵਿੱਚ ਲੀਨ ਹੋ ਜਾਣਗੇ। ਜੇ ਕਹੀਏ ਬ੍ਰਹਮ ਵਿੱਚ ਨਿਵਾਸ ਕਰਨਗੇ ਤਾਂ ਈਸ਼ਵਰ ਵੱਖ ਹੋ ਜਾਵੇ। ਇਹ ਤਾਂ ਬ੍ਰਹਮ ਨੂੰ ਈਸ਼ਵਰ ਕਹਿ ਦਿੰਦੇ ਹਨ। ਇਹ ਵੀ ਡਰਾਮਾ ਵਿੱਚ ਨੂੰਧ ਹੈ। ਬਾਪ ਨੂੰ ਵੀ ਭੁੱਲ ਜਾਂਦੇ ਹਨ। ਜੋ ਬਾਪ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ, ਉਨ੍ਹਾਂ ਨੂੰ ਯਾਦ ਤਾਂ ਕਰਨਾ ਚਾਹੀਦਾ ਹੈ ਨਾ ਕਿਉਂਕਿ ਉਹ ਸ੍ਵਰਗ ਬਣਾਉਣ ਵਾਲੇ ਹਨ। ਹੁਣ ਤੁਸੀਂ ਹੋ ਪੁਰਸ਼ੋਤਮ ਸੰਗਮਯੁਗੀ ਬ੍ਰਾਹਮਣ। ਤੁਸੀਂ ਉੱਤਮ ਪੁਰਸ਼ ਬਣਦੇ ਹੋ। ਕਨਿਸ਼ਟ ਪੁਰਸ਼ ਉੱਤਮ ਦੇ ਅੱਗੇ ਮੱਥਾ ਟੇਕਦੇ ਹਨ। ਦੇਵਤਾਵਾਂ ਦੇ ਮੰਦਿਰ ਵਿੱਚ ਜਾਕੇ ਕਿੰਨੀ ਮਹਿਮਾ ਗਾਉਂਦੇ ਹਨ। ਹੁਣ ਤੁਸੀਂ ਜਾਣਦੇ ਹੋ ਅਸੀਂ ਸੋ ਦੇਵਤਾ ਬਣਦੇ ਹਾਂ। ਇਹ ਤਾਂ ਬਹੁਤ ਸਿੰਪਲ ਗੱਲ ਹੈ। ਵਿਰਾਟ ਰੂਪ ਦੇ ਬਾਰੇ ਵਿੱਚ ਵੀ ਦੱਸਿਆ ਹੈ। ਵਿਰਾਟ ਚੱਕਰ ਹੈ ਨਾ। ਉਹ ਤਾਂ ਸਿਰਫ ਗਾਉਂਦੇ ਹਨ ਬ੍ਰਾਹਮਣ, ਦੇਵਤਾ, ਖੱਤਰੀ...। ਲਕਸ਼ਮੀ - ਨਾਰਾਇਣ ਆਦਿ ਦੇ ਚਿੱਤਰ ਤਾਂ ਹੈ ਨਾ। ਬਾਪ ਆਕੇ ਸਾਰਿਆਂ ਨੂੰ ਕਰੈਕਟ ਕਰਦੇ ਹਨ। ਤੁਹਾਨੂੰ ਵੀ ਕਰੈਕਟ ਕਰ ਰਹੇ ਹਨ ਕਿਉਂਕਿ ਭਗਤੀ ਮਾਰਗ ਵਿੱਚ ਜਨਮ - ਜਨਮਾਂਤਰ ਤੁਸੀਂ ਜੋ ਕੁਝ ਕਰਦੇ ਆਏ ਹੋ ਉਹ ਹੈ ਰਾਂਗ ਇਸਲਈ ਤੁਸੀਂ ਤਮੋਪ੍ਰਧਾਨ ਬਣੇ ਹੋ। ਹੁਣ ਹੈ ਹੀ ਅਣਰਾਇਟੀਯਸ ਵਰਲਡ। ਇਸ ਵਿੱਚ ਦੁੱਖ ਹੀ ਦੁੱਖ ਹੈ ਕਿਉਂਕਿ ਰਾਵਣ ਦਾ ਰਾਜ ਹੈ, ਸਭ ਵਿਕਾਰੀ ਹਨ। ਰਾਵਣ ਦਾ ਰਾਜ ਹੈ ਅਨਰਾਇਟੀਯਸ, ਰਾਮ ਦਾ ਰਾਜ ਹੈ ਰਾਇਟੀਯਸ। ਇਹ ਹੈ ਕਲਯੁਗ, ਉਹ ਹੈ ਸਤਿਯੁਗ। ਇਹ ਤਾਂ ਸਮਝ ਦੀ ਗੱਲ ਹੈ ਨਾ। ਇਨ੍ਹਾਂ ਨੂੰ ਸ਼ਾਸਤਰ ਉਠਾਉਂਦੇ ਕਦੀ ਵੇਖਿਆ ਹੈ ਕੀ। ਆਪਣੀ ਵੀ ਨਾਲੇਜ ਦਿੱਤੀ, ਰਚਨਾ ਦੀ ਵੀ ਸਮਝਾਣੀ ਦਿੱਤੀ ਹੈ। ਸ਼ਾਸਤਰ ਬੁੱਧੀ ਵਿੱਚ ਉਨ੍ਹਾਂ ਦੇ ਹੁੰਦੇ ਜੋ ਪੜ੍ਹਕੇ ਹੋਰਾਂ ਨੂੰ ਸੁਣਾਉਂਦੇ ਹਨ। ਤਾਂ ਸਭ ਦਾ ਸੁੱਖ ਦਾਤਾ ਇੱਕ ਸ਼ਿਵਬਾਬਾ ਹੈ। ਉਹ ਹੀ ਉੱਚ ਤੋਂ ਉੱਚ ਬਾਪ ਹੈ, ਉਨ੍ਹਾਂ ਨੂੰ ਪਰਮਪਿਤਾ ਪਰਮਾਤਮਾ ਕਿਹਾ ਜਾਂਦਾ ਹੈ। ਬੇਹੱਦ ਦਾ ਬਾਪ ਜ਼ਰੂਰ ਬੇਹੱਦ ਦਾ ਵਰਸਾ ਦਿੰਦੇ ਹਨ। 5 ਹਜ਼ਾਰ ਵਰ੍ਹੇ ਪਹਿਲੇ ਤੁਸੀਂ ਸ੍ਵਰਗਵਾਸੀ ਸੀ, ਹੁਣ ਨਰਕਵਾਸੀ ਹੋ। ਇਸ ਰਾਵਣ ਰਾਜ ਵਿੱਚ ਵੀ ਰਾਜੇ ਮਹਾਰਾਜੇ ਹੁੰਦੇ ਸੀ। ਉਹ ਬਹੁਤ ਸਾਹੂਕਾਰ, ਉਹ ਘੱਟ ਸਾਹੂਕਾਰ। ਉਨ੍ਹਾਂ ਨੂੰ ਕੋਈ ਸੂਰਜਵੰਸ਼ੀ - ਚੰਦ੍ਰਵੰਸ਼ੀ ਨਹੀਂ ਕਹਾਂਗੇ। ਇਨ੍ਹਾਂ ਵਿੱਚ ਸਾਹੂਕਾਰ ਨੂੰ ਮਹਾਰਾਜਾ ਦਾ ਲਕਬ ਮਿਲਦਾ ਹੈ। ਘੱਟ ਸਾਹੂਕਾਰ ਨੂੰ ਰਾਜਾ ਦਾ। ਹੁਣ ਤਾਂ ਹੈ ਹੀ ਪ੍ਰਜਾ ਦਾ ਪ੍ਰਜਾ ਤੇ ਰਾਜ। ਧਨੀ ਧੋਨੀ ਕੋਈ ਹੈ ਨਹੀਂ। ਰਾਜਾ ਨੂੰ ਪ੍ਰਜਾ ਅੰਨ ਦਾਤਾ ਸਮਝਦੀ ਸੀ। ਹੁਣ ਤਾਂ ਇਹ ਵੀ ਗਏ, ਬਾਕੀ ਪ੍ਰਜਾ ਨੂੰ ਵੇਖੋ ਕੀ ਹਾਲ ਹੈ! ਲੜਾਈ - ਝਗੜਾ ਆਦਿ ਕਿੰਨਾ ਹੈ। ਹੁਣ ਤੁਹਾਡੀ ਬੁੱਧੀ ਵਿੱਚ ਆਦਿ ਤੋਂ ਅੰਤ ਤੱਕ ਸਾਰੀ ਨਾਲੇਜ ਹੈ। ਰਚਿਅਤਾ ਬਾਪ ਹੁਣ ਪ੍ਰੈਕਟੀਕਲ ਵਿੱਚ ਹੈ, ਜਿਸਦੀ ਫਿਰ ਭਗਤੀ ਮਾਰਗ ਵਿੱਚ ਕਹਾਣੀ ਬਣੇਗੀ। ਹੁਣ ਤੁਸੀਂ ਵੀ ਪ੍ਰੈਕਟੀਕਲ ਵਿੱਚ ਹੋ। ਅੱਧਾਕਲਪ ਤੁਸੀਂ ਰਾਜ ਕਰੋਗੇ ਫਿਰ ਬਾਦ ਵਿੱਚ ਕਹਾਣੀ ਬਣੇਗੀ। ਅਜੇ ਤੁਸੀ ਵੀ ਪ੍ਰੈਕਟੀਕਲ ਵਿੱਚ ਹੋ। ਚਿੱਤਰ ਤਾਂ ਰਹਿੰਦੇ ਹਨ। ਕੋਈ ਤੋਂ ਪੁੱਛੋ ਇਹ ਕਦੋਂ ਰਾਜ ਕਰਦੇ ਸਨ? ਤਾਂ ਲੱਖਾਂ ਵਰ੍ਹੇ ਕਹਿ ਦੇਣਗੇ। ਸੰਨਿਆਸੀ ਹਨ ਨਿਰਵ੍ਰਿਤੀ ਮਾਰਗ ਵਾਲੇ, ਤੁਸੀਂ ਹੋ ਪਵਿੱਤਰ ਗ੍ਰਹਿਸਤ ਆਸ਼ਰਮ ਵਾਲੇ। ਫੇਰ ਅਪਵਿੱਤਰ ਗ੍ਰਹਿਸਤ ਆਸ਼ਰਮ ਵਿੱਚ ਜਾਣਾ ਹੈ। ਸ੍ਵਰਗ ਦੇ ਸੁੱਖਾਂ ਨੂੰ ਕੋਈ ਜਾਣਦਾ ਨਹੀਂ। ਨਿਰਵ੍ਰਿਤੀ ਮਾਰਗ ਵਾਲੇ ਤਾਂ ਕਦੇ ਪ੍ਰਵ੍ਰਿਤੀ ਮਾਰਗ ਸਿਖਾ ਨਹੀਂ ਸਕਦੇ। ਪਹਿਲਾਂ ਤਾਂ ਜੰਗਲ ਵਿੱਚ ਰਹਿੰਦੇ ਸਨ, ਉਨ੍ਹਾਂ ਵਿੱਚ ਤਾਕਤ ਸੀ। ਜੰਗਲ

ਵਿੱਚ ਹੀ ਉਨ੍ਹਾਂਨੂੰ ਭੋਜਨ ਪਹੁੰਚਾਉਂਦੇ ਸਨ, ਹੁਣ ਉਹ ਤਾਕਤ ਹੀ ਨਹੀਂ ਰਹੀ ਹੈ। ਜਿਵੇਂ ਤੁਹਾਡੇ ਵਿੱਚ ਵੀ ਉੱਥੇ ਰਾਜ ਕਰਨ ਦੀ ਤਾਕਤ ਸੀ, ਹੁਣ ਕਿਥੇ ਹੈ। ਹੋ ਤਾਂ ਓਹੀ ਨਾ। ਹੁਣ ਉਹ ਤਾਕਤ ਨਹੀਂ ਰਹੀ ਹੈ। ਭਾਰਤਵਾਸੀ ਦਾ ਜੋ ਅਸਲ ਧਰਮ ਸੀ ਹੁਣ ਉਹ ਨਹੀਂ ਹੈ। ਅਧਰਮ ਹੋ ਗਿਆ ਹੈ। ਬਾਪ ਕਹਿੰਦੇ ਹਨ ਮੈਂ ਆਕੇ ਧਰਮ ਦੀ ਸਥਾਪਨਾ ਅਧਰਮ ਦਾ ਵਿਨਾਸ਼ ਕਰਦਾ ਹਾਂ। ਅਧਰਮਮਿਆਂ ਨੂੰ ਧਰਮ ਵਿੱਚ ਲੈ ਆਉਂਦਾ ਹਾਂ। ਬਾਕੀ ਜੋ ਬੱਚਦੇ ਹਨ, ਉਹ ਵਿਨਾਸ਼ ਹੋ ਜਾਣਗੇ। ਫਿਰ ਵੀ ਬਾਪ ਬੱਚਿਆਂ ਨੂੰ ਸਮਝਾਉਂਦੇ ਹਨ ਕਿ ਸਾਰਿਆਂ ਨੂੰ ਬਾਪ ਦਾ ਪਰਿਚੈ ਦੋ। ਬਾਪ ਨੂੰ ਹੀ ਦੁੱਖ ਹਰਤਾ ਸੁੱਖ ਕਰਤਾ ਕਿਹਾ ਜਾਂਦਾ ਹੈ। ਜਦ ਬਹੁਤ ਦੁੱਖੀ ਹੁੰਦੇ ਹਨ ਤਦ ਹੀ ਬਾਪ ਆਕੇ ਸੁੱਖੀ ਬਣਾਉਂਦੇ ਹਨ। ਇਹ ਵੀ ਅਨਾਦਿ ਬਣਿਆ - ਬਣਾਇਆ ਖੇਲ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਸ ਪੁਰਸ਼ੋਤਮ ਸੰਗਮਯੁਗ ਤੇ ਉੱਤਮ ਪੁਰਸ਼ ਬਣਨ ਦੇ ਲਈ ਆਤਮ - ਅਭਿਮਾਨੀ ਬਣਨ ਦਾ ਪੁਰਸ਼ਾਰਥ ਕਰਨਾ ਹੈ। ਸੱਤ ਬਾਪ ਮਿਲਿਆ ਹੈ ਤਾਂ ਕੋਈ ਵੀ ਅਸੱਤ, ਅਨਰਾਇਟੀਅਸ ਕੰਮ ਨਹੀਂ ਕਰਨਾ ਹੈ।

2. ਮਾਇਆ ਦੀ ਤੂਫ਼ਾਨ ਤੋਂ ਡਰਨਾ ਨਹੀਂ ਹੈ। ਸਦਾ ਯਾਦ ਰਹੇ ਸਤ ਦੀ ਨਾਵ ਹਿੱਲੇਗੀ - ਡੁਲੇਗੀ ਪਰ ਡੁੱਬੇਗੀ ਨਹੀਂ। ਸਤਿਗੁਰੂ ਦੇ ਬੱਚੇ ਸਤਿਗੁਰੂ ਬਣ ਸਾਰਿਆਂ ਦੀ ਨਾਵ ਪਾਰ ਲਗਾਉਣੀ ਹੈ।

ਵਰਦਾਨ:- ਸਹਿਜ ਯੋਗ ਦੀ ਸਾਧਨਾ ਦਵਾਰਾ ਸਾਧਨਾਂ ਤੇ ਵਿਜੇ ਪ੍ਰਾਪਤ ਕਰਨ ਵਾਲੇ ਪ੍ਰਯੋਗੀ ਯੋਗੀ ਆਤਮਾ ਭਵ

ਸਾਧਨਾਂ ਦੇ ਹੁੰਦੇ, ਸਾਧਨਾਂ ਦੇ ਪ੍ਰਯੋਗ ਵਿੱਚ ਲਿਆਉਂਦੇ ਯੋਗ ਦੀ ਸਥਿਤੀ ਡਗਮਗ ਨਾ ਹੋਵੇ। ਯੋਗੀ ਬਣ ਪ੍ਰਯੋਗ ਕਰਨਾ ਇਸਨੂੰ ਕਹਿੰਦੇ ਹਨ ਨਿਆਰਾ। ਹੁੰਦੇ ਹੋਏ ਨਿਮਿਤ ਮਾਤਰ, ਅਨਾਸਕਤ ਰੂਪ ਨਾਲ ਪ੍ਰਯੋਗ ਕਰੋ। ਜੇਕਰ ਇੱਛਾ ਹੋਵੇਗੀ ਤਾਂ ਉਹ ਇੱਛਾ ਚੰਗਾ ਬਣਨ ਨਹੀਂ ਦਵੇਗੀ। ਮਿਹਨਤ ਕਰਨ ਵਿੱਚ ਹੀ ਸਮੇਂ ਬੀਤ ਜਾਏਗਾ। ਉਸ ਸਮੇਂ ਤੁਸੀਂ ਸਾਧਨਾਂ ਵਿੱਚ ਰਹਿਣ ਦੀ ਕੋਸ਼ਿਸ਼ ਕਰੋਗੇ ਅਤੇ ਸਾਧਨ ਆਪਣੇ ਵਲ ਆਕਰਸ਼ਿਤ ਕਰਨਗੇ ਇਸਲਈ ਪ੍ਰਯੋਗੀ ਆਤਮਾ ਬਣ ਸਹਿਯੋਗ ਦੀ ਸਾਧਨਾ ਦਵਾਰਾ ਸਾਧਨਾਂ ਦੇ ਉਪਰ ਮਤਲਬ ਪ੍ਰਕ੍ਰਿਤੀ ਤੇ ਵਿਜੇਈ ਬਣੋ।

ਸਲੋਗਨ:- ਖੁਦ ਸੰਤੁਸ਼ਟ ਰਹਿ, ਸਭਨੂੰ ਸੰਤੁਸ਼ਟ ਕਰਨ ਹੀ ਸੰਤੁਸ਼ਟਮਨੀ ਬਣਨਾ ਹੈ।

******